ਨਿਊਜ਼ ਰਿਲੀਜ਼

# ਕੈਂਸਰ ਦੇ ਜਾਨ-ਬਚਾਊ ਇਲਾਜ ਤੱਕ ਪਹੁੰਚ ਨੂੰ ਸੁਧਾਰਨਾ

07 ਮਾਰਚ 2025 ਮੀਡੀਆ ਇੰਨਕੁਆਰੀਆਂ

## ਐਲਬਰਟਾ ਸਰਕਾਰ ਐਲਬਰਟਾ ਵਾਸੀਆਂ ਨੂੰ ਇਕ ਨਵੀਂ ਮੋਹਰੀ ਪ੍ਰਕਾਰ ਦੀ ਡਰੱਗ ਉਪਲਬਧ ਕਰਵਾਉਣ ਦੁਆਰਾ ਐਡਵਾਂਸ ਸਟੇਜ ਦੀ ਪ੍ਰਾਸਟਰੇਟ ਕੈਂਸਰ ਦੇ ਇਲਾਜ ਤੱਕ ਪਹੁੰਚ ਵਿਚ ਸੁਧਾਰ ਕਰ ਰਹੀ ਹੈ।

ਐਲਬਰਟਾ 'ਚ ਹਰੇਕ ਸਾਲ 2,500 ਮਰਦਾਂ ਦੀ ਪ੍ਰਾਸਟਰੇਟ ਕੈਂਸਰ ਦੀ ਰੋਗ-ਪਛਾਣ ਹੁੰਦੀ ਹੈ, ਇੰਜ ਆਪਣੀ ਉਮਰ ਭਰ ਦੌਰਾਨ ਸੂਬੇ ਵਿਚ ਛੇ ਵਿਚੋਂ ਇਕ ਮਰਦ ਦੀ ਰੋਗ-ਪਛਾਣ ਹੋਵੇਗੀ।

ਕੈਂਸਰ ਨਾਲ ਜੀਅ ਰਹੇ ਐਲਬਰਟਾ ਵਾਸੀਆਂ ਨੂੰ ਉਪਲਬਧ ਇਲਾਜਾਂ 'ਚੋਂ ਸਭ ਤੋਂ ਵੱਧ ਅਸਰਦਾਰ ਇਲਾਜ ਦੀ ਲੋੜ ਹੈ, ਜਿਸ ਕਰਕੇ ਐਲਬਰਟਾ ਸਰਕਾਰ ਕੈਂਸਰ ਦੇ ਇਲਾਜ ਅਤੇ ਰੋਕਥਾਮ ਦੋਹਾਂ 'ਚ ਸੁਧਾਰ ਲਿਆਉਣ ਲਈ ਨਵੀਆਂ ਨਵੀਨਤਕਾਰੀ ਥੈਰੇਪੀਆਂ ਨੂੰ ਫੰਡਿੰਗ ਦੇਣ ਲਈ ਪ੍ਰਤਿਬਧ ਹੈ। ਇਨ੍ਹਾਂ ਯਤਨਾਂ ਨੂੰ ਸਹਾਇਤਾ ਦੇਣ ਲਈ ਐਲਬਰਟਾ ਸਰਕਾਰ ਨੇ ਪਲੂਵਿਕਟੋ (Pluvicto), ਜੋ ਐਡਵਾਂਸ ਸਟੇਜ ਦੀ ਪ੍ਰਾਸਟਰੇਟ ਕੈਂਸਰ ਲਈ ਇਕ ਨਵਾਂ ਰੇਡਿਉਫਾਰਮਾਸਿਊਟੀਕਲ ਇਲਾਜ ਹੈ, ਨੂੰ ਐਲਬਰਟਾ ਵਾਸੀਆਂ ਨੂੰ ਉਪਲਬਧ ਕਰਵਾਇਆ ਹੈ।

“ਅਸੀਂ ਜਾਣਦੇ ਹਾਂ ਕਿ ਐਡਵਾਂਸ ਸਟੇਜ ਦੀ ਪ੍ਰਾਸਟਰੇਟ ਕੈਂਸਰ ਨਾਲ ਜੀਅ ਰਹੇ ਐਲਬਰਟਾ ਵਾਸੀ ਅਤੇ ਉਨ੍ਹਾਂ ਨੂੰ ਸਿਹਤ ਸੇਵਾ ਪ੍ਰਦਾਨ ਕਰਨ ਵਾਲੇ ਇਸ ਨਵੇਂ ਇਲਾਜ ਤੱਕ ਪਹੁੰਚ ਲਈ ਉਡੀਕ ਕਰ ਰਹੇ ਸਨ। ਪਲੂਵਿਕਟੋ (Pluvicto) ਨੂੰ ਆਪਣੇ ਸੂਬੇ ਵਿਚ ਲਿਆਉਣਾ ਸਰਕਾਰ ਦੀ ਇਕ ਤਰਜੀਹ ਬਣੀ ਹੋਈ ਸੀ ਅਤੇ ਮੈਨੂੰ ਖੁਸ਼ੀ ਹੈ ਕਿ ਹੁਣ ਅਸੀਂ ਐਲਬਰਟਾ ਵਾਸੀਆਂ ਨੂੰ ਇਹ ਮੋਹਰੀ ਪ੍ਰਕਾਰ ਦੀ ਥੈਰੇਪੀ ਪੇਸ਼ ਕਰ ਸਕਦੇ ਹਾਂ।”

*Adriana LaGrange, ਮਿਨਿਸਟਰ ਆਫ ਹੈਲਥ*

ਜਿਉਂ ਹੀ ਦਸੰਬਰ 2024 ਵਿਚ ਕੀਮਤਾਂ ਬਾਰੇ ਰਾਸ਼ਟਰੀ ਸਮਝੌਤਾ ਹੋ ਗਿਆ, ਐਲਬਰਟਾ ਨੇ ਝਟਪਟ ਪਲੂਵਿਕਟੋ

(Pluvicto ) ਨੂੰ ਆਊਟਪੇਸ਼ੈਂਟ ਕੈਂਸਰ ਡਰੱਗਜ਼ ਦੀ ਸੂਚੀ ਵਿਚ ਸ਼ਾਮਲ ਕਰ ਦਿੱਤਾ, ਇੰਜ ਓਨਟੈਰੀਓ ਅਤੇ ਨੋਵਾ ਸਕੋਸ਼ੀਆ ਸੰਗ ਇੰਜ ਕਰਨ ਵਾਲਾ ਤੀਸਰਾ ਸੂਬਾ ਬਣ ਗਿਆ। ਐਲਬਰਟਾ ਹੈਲਥ ਸਰਵਿਸਿਜ਼ ਹੁਣ ਇਹ ਯਕੀਨੀ ਬਣਾਉਣ ਲਈ ਨਿਰਮਾਤਾ ਨਾਲ ਸਮਝੌਤੇ ਨੂੰ ਅੰਤਿਮ ਰੂਪ ਦੇ ਰਿਹਾ ਹੈ, ਤਾਂ ਜੋ ਇਹ ਇਲਾਜ ਮਰੀਜ਼ਾਂ ਲਈ ਪਹੁੰਚਯੋਗ ਹੋਵੇ। ਆਊਟਪੇਸ਼ੈਂਟ ਕੈਂਸਰ ਡਰੱਗ ਬੈਨੇਫਿਟ ਪ੍ਰੋਗਰਾਮ ਆਊਟਪੇਸ਼ੈਂਟ ਕੈਂਸਰ ਡਰੱਗਜ਼ ਦੀ ਸੂਚੀ ਵਿਚਲੀਆਂ ਕੈਂਸਰ ਦੀਆਂ ਦਵਾਈਆਂ ਤੱਕ ਮਰੀਜ਼ਾਂ ਨੂੰ ਮੁਫਤ ਪਹੁੰਚ ਮੁਹੱਈਆ ਕਰਦਾ ਹੈ।

ਇਹ ਇਲਾਜ ਪੇਸ਼ ਕਰਨ ਤੋਂ ਪਹਿਲਾਂ ਸਰਕਾਰ ਨੇ ਵਿਸ਼ੇਸ਼ ਪ੍ਰਕਾਰ ਦੀ ਹੈਂਡਲਿੰਗ, ਐਡਮਿਨਿਸਟ੍ਰੇਸ਼ਨ ਅਤੇ ਲੋੜੀਂਦੀ ਮੈਡੀਕਲ ਇਮੇਜਿੰਗ ਦਾ ਪ੍ਰਬੰਧ ਕੀਤਾ, ਤੇ ਨਾਲ ਨਾਲ ਸਿਹਤ-ਸੰਭਾਲ ਪ੍ਰਦਾਨ ਕਰਨ ਵਾਲਿਆਂ ਨੂੰ ਟਰੇਨਿੰਗ ਮੁਹੱਈਆ ਕੀਤੀ। ਇਹ ਅਨੁਮਾਨ ਕੀਤਾ ਜਾਂਦਾ ਹੈ ਕਿ ਐਲਬਰਟਾ ਵਾਸੀਆਂ ਲਈ ਇਸ ਇੰਟ੍ਰਾਵੀਨਿਸ ਰੇਡੀਓਲਿਗੈਂਡ ਥੈਰੇਪੀ ਦੀ ਐਡਮਿਨਿਸਟ੍ਰੇਸ਼ਨ ਇਸ ਮਹੀਨੇ ਦੇ ਅੰਤ ਤੱਕ ਸ਼ੁਰੂ ਹੋ ਜਾਵੇਗੀ।

ਸ਼ੁਰੂ ਕਰਨ ਲਈ ਡਰੱਗ ਐਡਮਿੰਟਨ ਵਿਚਲੀ ਕਰਾਸ ਕੈਂਸਰ ਇੰਸਟੀਚਿਊਟ  'ਚ ਚੜ੍ਹਾਈ ਜਾਵੇਗੀ ਅਤੇ ਇਸ ਸਾਲ ਦੇ ਅੰਤ 'ਚ ਇਹ ਆਰਥਰ ਜੇ. ਈ. ਚਾਈਲਡ ਕੰਪ੍ਰੀਹੈਂਸਿਵ ਕੈਂਸਰ ਸੈਂਟਰ 'ਚ ਉਪਲਬਧ ਹੋ ਜਾਵੇਗੀ।

ਪਲੂਵਿਕਟੋ (Pluvicto) ਇਕ ਇੰਟ੍ਰਾਵੀਨਿਸ ਇਲਾਜ ਹੈ ਜੋ ਇਕ ਕੈਂਸਰ ਸੈਂਟਰ ਵਿਚ ਕੀਤਾ ਜਾਂਦਾ ਹੈ। ਇਸ ਵਿਚ ਇਕ ਰੇਡੀਓਲਿਗੈਂਡ ਹੁੰਦਾ ਹੈ - ਜੋ ਇਕ ਪਦਾਰਥ ਹੈ ਜਿਹੜਾ ਟਾਰਗੈੱਟ ਕਰ ਰਹੇ ਅਣੂ ਦੇ ਨਾਲ ਥੋੜੀ ਜਿਹੀ ਰੇਡੀਏਸ਼ਨ ਦੀ ਮਾਤਰਾ ਨੂੰ ਜੋੜ ਦਿੰਦਾ ਹੈ। ਇਹ ਰੇਡੀਓਲਿਗੈਂਡ ਪ੍ਰਾਸਟਰੇਟ ਕੈਂਸਰ ਸੈੱਲਾਂ ਉੱਪਰ ਇਕ ਵਿਸ਼ੇਸ਼ ਰਿਸੈਪਟਰ ਐਕਸਪ੍ਰੈਸ਼ਨ ਨਾਲ ਚਿੰਬੜ ਜਾਂਦਾ ਅਤੇ ਉਨ੍ਹਾਂ ਨੂੰ ਮਾਰਨ ਲਈ ਰੇਡੀਏਸ਼ਨ ਘੱਲਦਾ ਹੈ। ਇਹ ਇਲਾਜ ਲੈਣ ਤੋਂ ਪਹਿਲਾਂ ਮਰੀਜ਼ ਦਾ ਇਹ ਪੁਸ਼ਟੀ ਕਰਨ ਲਈ PET-CT ਸਕੈਨ ਕੀਤਾ ਜਾਂਦਾ ਹੈ ਕਿ ਉਨ੍ਹਾਂ 'ਚ ਰਿਸੈਪਟਰ ਐਕਸਪ੍ਰੈਸ਼ਨ ਮੌਜੂਦ ਹਨ, ਜਿਸ ਨਾਲ ਯਕੀਨੀ ਹੋਵੇ ਕਿ ਇਲਾਜ ਅਸਰਦਾਰ ਹੋਵੇਗਾ। ਇਹ ਅੰਦਾਜ਼ਾ ਹੈ ਕਿ ਐਲਬਰਟਾ 'ਚ ਤਕਰੀਬਨ 200 ਐਡਵਾਂਸ ਸਟੇਜ ਵਾਲੇ ਪ੍ਰਾਸਟਰੇਟ ਕੈਂਸਰ ਮਰੀਜ਼ਾਂ 'ਚ ਵਿਸ਼ੇਸ਼ ਰਿਸੈਪਟਰ ਹਨ ਜਿਹੜੇ ਹਰੇਕ ਸਾਲ ਇਸ ਇਲਾਜ ਤੋਂ ਫਾਇਦਾ ਲੈ ਸਕਣ ਲਈ ਲੋੜੀਂਦੇ ਹਨ।

ਮਾਰਚ 2024 ਵਿਚ ਐਲਬਰਟਾ ਸਰਕਾਰ ਨੇ ਯੋਗ ਬਣਦੇ ਐਲਬਰਟਾ ਵਾਸੀਆਂ ਲਈ ਪ੍ਰਾਸਟਰੇਟ ਸਪੈਸੇਫਿਕ ਮੈਂਬਰੇਨ ਐਂਟੀਜਿੰਨ (PSMA) ਪੌਜ਼ੀਟ੍ਰੋਨ ਇਮਿਸ਼ਨ ਟੋਮੋਗ੍ਰਾਫੀ/ਕੰਮਪਿਊਟਿਡ ਟੋਮੋਗ੍ਰਾਫੀ (PET/CT) ਸਕੈਨਾਂ ਦਾ ਪ੍ਰਬੰਧ ਕਰਨ ਲਈ 5 ਮਿਲੀਅਨ ਡਾਲਰ ਮੁਹੱਈਆ ਕੀਤੇ, ਜਿਸ ਨਾਲ ਐਡਵਾਂਸ ਸਟੇਜ ਦੀ ਪ੍ਰਾਸਟੇਰਟ ਕੈਂਸਰ ਦੀ ਸਹੀ ਤਰ੍ਹਾਂ ਦੀ ਰੋਗ-ਪਛਾਣ ਕਰਨ 'ਚ ਮਦਦ ਮਿਲੇਗੀ ਅਤੇ ਇਹ ਪਲੂਵਿਕਟੋ (Pluvicto) ਟਰੀਟਮੈਂਟ ਦੀ ਐਡਮਿਨਿਸਟ੍ਰੇਸ਼ਨ 'ਚ ਸਹਾਈ ਬਣੇਗਾ।

## ਸਬੰਧਤ ਜਾਣਕਾਰੀ

- Specialized drug benefits – ਆਊਟਪੇਸ਼ੈਂਟ ਕੈਂਸਰ ਡਰੱਗ ਬੈਨੇਫਿਟ ਪ੍ਰੋਗਰਾਮ

## ਮੀਡੀਆ ਇੰਨਕੁਆਰੀਆਂ


### Jessi Rampton

587-357-3729
ਪ੍ਰੈੱਸ ਸੈਕਰੇਟਰੀ, ਐਲਬਰਟਾ ਹੈਲਥ